Circular 3

# ਪੰਜਾਬੀ ਯੂਨੀਵਰਸਿਟੀ, ਪਟਿਆਲਾ

**(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)**

**(ਕਾਲਜ ਸੈਕਸ਼ਨ)**

**ਈ-ਮੇਲ**
**ਅਤਿ ਜ਼ਰੂਰੀ,**
**ਮਿਤੀ ਬੱਧ**

ਨੰ:9519.........../ਕਾਲਜ/ਸ-6

ਮਿਤੀ ...17/5.........../2016

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ ਦੇ
ਪ੍ਰਿੰਸੀਪਲ/ਪ੍ਰਧਾਨ/ਚੇਅਰਮੈਨ/ਡਾਇਰੈਕਟਰ ਸਾਹਿਬਾਨਾਂ ਨੂੰ।

**ਵਿਸ਼ਾ : ਅਕਾਦਮਿਕ ਸੈਸ਼ਨ 2016-17 ਤੋਂ ਕਾਲਜ ਵਿਖੇ ਪਹਿਲਾਂ ਚੱਲ ਰਹੇ ਕੋਰਸਾਂ ਦੇ ਐਂਟਰੀ ਪੁਆਇੰਟ/ਭਾਗ ਪਹਿਲਾ ਦੇ ਦਾਖਲਿਆਂ ਤੇ ਰੋਕ ਸਬੰਧੀ ਅਤੇ ਸੈਸ਼ਨ 2016-17 ਤੋਂ ਨਵੇਂ ਕੋਰਸ ਸ਼ੁਰੂ ਕਰਨ ਦੀ ਪ੍ਰਵਾਨਗੀ ਨਾ ਦੇਣ ਸਬੰਧੀ।**

ਸ਼੍ਰੀਮਾਨ/ਸ਼੍ਰੀਮਤੀ ਜੀ,

ਦਫਤਰ ਵੱਲੋਂ ਸਬੰਧਤ ਸਮੂਹ ਕਾਲਜਾਂ ਨੂੰ ਪਹਿਲਾਂ ਜਾਰੀ ਪੱਤਰ ਨੰ: 631-985/ਕਾਲਜ/ਸ-6, ਮਿਤੀ 14-1-2016 ਦੀ ਲਗਾਤਾਰਤਾ ਵਿੱਚ ਵਾਈਸ-ਚਾਂਸਲਰ ਸਾਹਿਬ ਵੱਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਹੋਏ ਫੈਸਲੇ ਦੀ ਲੋਅ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਸਬੰਧਤ ਕਾਲਜਾਂ ਵਿਖੇ ਰੈਗੂਲਰ ਪ੍ਰਿੰਸੀਪਲ ਤੋਂ ਇਲਾਵਾ ਚੱਲ ਰਹੇ ਕੋਰਸਾਂ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ 2/3 ਟੀਚਿੰਗ ਸਟਾਫ ਦੀ ਨਿਯੁਕਤੀ ਯੂਨੀਵਰਸਿਟੀ ਸਿਲੈਕਸ਼ਨ ਕਮੇਟੀ ਰਾਹੀਂ ਨਿਯੁਕਤ ਤੋਂ ਇਲਾਵਾ ਯੂਨੀਵਰਸਿਟੀ ਤੋਂ ਅਪਰੂਵਡ ਨਾ ਹੋਣ ਕਾਰਨ, ਪਹਿਲਾਂ ਦਿੱਤੇ ਗਏ ਕੋਰਸਾਂ ਦੀ ਪ੍ਰਵਾਨਗੀ ਸਬੰਧੀ ਲਗਾਈਆਂ ਪਹਿਲੀਆਂ ਲਗਾਈਆਂ ਸ਼ਰਤਾਂ/ਦਸਤਾਵੇਜ਼ਾਂ ਦੀ ਮੁਕੰਮਲ ਪੂਰਤੀ ਨਾ ਕੀਤੇ ਜਾਣ ਸੈਸ਼ਨ 2016-17 ਤੋਂ ਕਾਲਜਾਂ ਵਿਖੇ ਪਹਿਲਾਂ ਚੱਲ ਰਹੇ ਕੋਰਸਾਂ ਦੇ ਐਂਟਰੀ ਪੁਆਇੰਟ/ਭਾਗ ਪਹਿਲਾ ਦੇ ਦਾਖਲਿਆਂ ਦੀ ਪ੍ਰਵਾਨਗੀ ਨਹੀਂ ਹੈ।

ਵਾਈਸ-ਚਾਂਸਲਰ ਸਾਹਿਬ ਵੱਲੋਂ ਹੋਏ ਆਦੇਸ਼ਾਂ ਅਨੁਸਾਰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਪਹਿਲੀਆਂ ਲਗਾਈਆਂ ਸ਼ਰਤਾਂ/ਦਸਤਾਵੇਜ਼ਾਂ ਦੀ ਮੁਕੰਮਲ ਤੌਰ ਤੇ ਪੂਰਤੀ ਨਾ ਕਰਨ ਅਤੇ ਪਹਿਲਾਂ ਚੱਲ ਰਹੇ ਕੋਰਸਾਂ ਲਈ ਲੋੜੀਂਦੇ ਟੀਚਿੰਗ ਸਟਾਫ ਦੀ ਯੂਨੀਵਰਸਿਟੀ ਨਿਯਮਾਂ ਅਨੁਸਾਰ ਨਿਯੁਕਤੀ/ਅਪਰੂਵਡ ਨਾ ਹੋਣ ਕਾਰਨ ਸੈਸ਼ਨ 2016-17 ਤੋਂ ਨਵੇਂ ਕੋਰਸਾਂ ਦੀ ਪ੍ਰਵਾਨਗੀ ਦੇਣ ਸਬੰਧੀ ਵਿਚਾਰਿਆ ਜਾਣਾ ਸੰਭਵ ਨਹੀਂ ਹੈ।

ਇਸ ਲਈ ਸੈਸ਼ਨ 2016-17 ਸ਼ੁਰੂ ਹੋਣ ਪਹਿਲਾਂ ਕਾਲਜ ਵਿਖੇ ਚੱਲ ਰਹੇ ਕੋਰਸਾਂ ਦੇ ਐਂਟਰੀ ਪੁਆਇੰਟ/ਭਾਗ ਪਹਿਲਾ ਦੇ ਦਾਖਲੇ ਕਰਨ ਤੋਂ ਪਹਿਲਾਂ ਪਹਿਲੀਆਂ ਲਗਾਈਆਂ ਸ਼ਰਤਾਂ/ਦਸਤਾਵੇਜ਼ ਦੀ ਪੂਰਤੀ ਕਰਕੇ ਅਤੇ ਕਾਲਜ ਵਿਖੇ ਰੈਗੂਲਰ ਪ੍ਰਿੰਸੀਪਲ ਤੋਂ ਇਲਾਵਾ ਚੱਲ ਰਹੇ ਕੋਰਸਾਂ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਲੋੜੀਂਦੇ ਟੀਚਿੰਗ ਸਟਾਫ ਦੀ ਨਿਯੁਕਤੀ ਯੂਨੀਵਰਸਿਟੀ ਸਿਲੈਕਸ਼ਨ ਕਮੇਟੀ ਰਾਹੀਂ ਕਰਕੇ ਸੈਸ਼ਨ 2016-17 ਸ਼ੁਰੂ ਹੋਣ ਤੋਂ ਪਹਿਲਾਂ ਰੈਗੂਲਰ ਅਪਰੂਵਲ ਕਰਵਾਈ ਜਾਵੇ। ਇਸ ਉਪਰੰਤ ਹੀ ਸੈਸ਼ਨ 2016-17 ਤੋਂ ਕਾਲਜ ਵਿਖੇ ਕੇਵਲ ਪਹਿਲਾਂ ਚੱਲ ਰਹੇ ਕੋਰਸਾਂ ਦੇ ਐਂਟਰੀ ਪੁਆਇੰਟ/ਭਾਗ ਪਹਿਲਾ ਦੇ ਦਾਖਲਿਆਂ ਦੀ ਪ੍ਰਵਾਨਗੀ ਦੇਣ ਸਬੰਧੀ ਵਿਚਾਰਿਆ ਜਾਵੇਗਾ। ਇਸ ਲਈ ਯੂਨੀਵਰਸਿਟੀ ਤੋਂ ਪ੍ਰਵਾਨਗੀ ਪ੍ਰਾਪਤ ਕੀਤੇ ਬਿਨਾਂ ਕਾਲਜ ਵਿਖੇ ਪਹਿਲਾਂ ਚੱਲ ਰਹੇ ਕੋਰਸਾਂ ਦੇ ਸੈਸ਼ਨ 2016-17 ਤੋਂ ਐਂਟਰੀ ਪੁਆਇੰਟ/ਭਾਗ ਪਹਿਲਾ ਦੇ ਦਾਖਲੇ ਨਾ ਕੀਤੇ ਜਾਣ।

ਜੇਕਰ ਕਾਲਜ ਵੱਲੋਂ ਸੈਸ਼ਨ 2016-17 ਸ਼ੁਰੂ ਹੋਣ ਤੋਂ ਪਹਿਲਾਂ ਯੂਨੀਵਰਸਿਟੀ ਤੋਂ ਪ੍ਰਵਾਨਗੀ ਪ੍ਰਾਪਤ ਕੀਤੇ ਬਿਨਾਂ ਸੈਸ਼ਨ 2016-17 ਤੋਂ ਕਿਸੇ ਵੀ ਕੋਰਸ ਦੇ ਐਂਟਰੀ ਪੁਆਇੰਟ/ਭਾਗ ਪਹਿਲਾ ਦੇ ਦਾਖਲੇ ਕੀਤੇ ਜਾਂਦੇ ਹਨ ਤਾਂ ਯੂਨੀਵਰਸਿਟੀ ਵੱਲੋਂ ਦਾਖਲਿਆਂ ਦੀ ਪ੍ਰਵਾਨਗੀ ਦੇਣ ਸਬੰਧੀ ਨਹੀਂ ਵਿਚਾਰਿਆ ਜਾਵੇਗਾ। ਜੇਕਰ ਇਸ ਸਬੰਧੀ ਕੋਈ ਡਿਲੇਅ/ਕਾਨੂੰਨੀ ਅੜਚਨ ਆਉਂਦੀ ਹੈ ਤਾਂ ਇਸ ਸਬੰਧੀ ਸਾਰੀ ਜਿੰਮੇਵਾਰੀ ਕਾਲਜ ਦੀ ਆਪਣੀ ਹੋਵੇਗੀ।

ਇਹ ਵੀ ਸਪੱਸ਼ਟ ਹੈ ਕਿ ਜਿਨਾਂ ਕਾਲਜਾਂ ਵਿਖੇ ਰੈਗੂਲਰ ਪ੍ਰਿੰਸੀਪਲ ਤੋਂ ਇਲਾਵਾ ਪਹਿਲਾਂ ਚੱਲ ਰਹੇ ਕੋਰਸਾਂ ਲਈ ਲੋੜੀਂਦੇ ਟੀਚਿੰਗ ਸਟਾਫ ਵਿੱਚੋਂ 2/3 ਟੀਚਿੰਗ ਸਟਾਫ ਦੀ ਨਿਯੁਕਤੀ ਯੂਨੀਵਰਸਿਟੀ ਸਿਲੈਕਸ਼ਨ ਕਮੇਟੀ ਰਾਹੀਂ ਨਿਯੁਕਤ ਹੈ ਅਤੇ ਇਨ੍ਹਾਂ ਦੀ ਯੂਨੀਵਰਸਿਟੀ ਵੱਲੋਂ ਅਪਰੂਵਲ ਕਰਵਾਈ ਹੋਈ ਹੈ ਜਾਂ ਅਪਰੂਵਲ ਕੇਸ ਦਫਤਰ ਵਿਖੇ ਜਮਾਂ ਕਰਵਾਏ ਹੋਏ ਹਨ। ਇਸ ਤੋਂ ਇਲਾਵਾ ਕਾਲਜ ਵੱਲੋਂ ਪਹਿਲੀਆਂ ਲਗਾਈਆਂ ਸ਼ਰਤਾਂ/ਦਸਤਾਵੇਜ਼ਾਂ ਦੀ ਮੁਕੰਮਲ ਤੌਰ ਤੇ ਪੂਰਤੀ ਕੀਤੀ ਹੋਈ ਹੈ। ਉਨ੍ਹਾਂ ਕਾਲਜਾਂ ਨੂੰ ਸੈਸ਼ਨ 2016-17 ਸ਼ੁਰੂ ਹੋਣ ਤੋਂ ਪਹਿਲਾਂ ਐਂਟਰੀ ਪੁਆਇੰਟ/ਭਾਗ ਪਹਿਲਾ ਦੇ ਦਾਖਲੇ ਕਰਨ ਲਈ ਯੂਨੀਵਰਸਿਟੀ ਤੋਂ ਪ੍ਰਵਾਨਗੀ ਪੱਤਰ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਜੇਕਰ ਇਸ ਸਬੰਧੀ ਕੋਈ ਡਿਲੇਅ/ਕਾਨੂੰਨੀ ਅੜਚਨ ਆਉਂਦੀ ਹੈ ਤਾਂ ਇਸ ਸਬੰਧੀ ਸਾਰੀ ਜਿੰਮੇਵਾਰੀ ਕਾਲਜ ਦੀ ਆਪਣੀ ਹੋਵੇਗੀ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

ਵਿਸ਼ਵਾਸਪਾਤਰ,

17/5/16

ਸਹਾਇਕ ਰਜਿਸਟਰਾਰ (ਕਾਲਜਾਂ)

ਸਹਾਇਕ ਰਜਿਸਟਰਾਰ (ਕਾਲਜਾਂ)
ਪੰਜਾਬੀ ਯੂਨਿਵਰਸਿਟੀ,
ਪਟਿਆਲਾ।